ਰਾਜ ਵਿਦਿਅਕ ਖ਼ੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ
ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਐਸ.ਏ.ਐਸ.ਨਗਰ
ਈਮੇਲ: directorscert@punjabeducation.gov.in, ਫੋਨ ਨੰ: 0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ. ਅਤੇ ਐ.ਸਿੱ),
ਪੰਜਾਬ।

ਮੀਮੋ ਨੰ: SCERT/SCI/12024-25/211556/e-581141
ਮਿਤੀ: 27-08-2024

2024107756

**ਵਿਸ਼ਾ : ਭਾਖੜਾ ਬਿਆਸ ਮੈਨਜਮੈਂਟ ਬੋਰਡ ਵੱਲੋਂ ਅਯੋਜਿਤ ਕੀਤੇ ਜਾ ਰਹੇ ਸਟੇਟ ਪੱਧਰੀ Energy Conservation-2024 ਪੇਟਿੰਗ ਮੁਕਾਬਲੇ ਸੰਬੰਧੀ**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਹਰ ਸਾਲ ਦੀ ਤਰ੍ਹਾਂ ਭਾਖੜਾ ਬਿਆਸ ਮੈਨਜਮੈਂਟ ਬੋਰਡ ਵੱਲੋਂ ਇਸ ਸਾਲ ਵੀ ਪੰਜਾਬ ਤੇ ਹਰਿਆਣਾ ਰਾਜ ਅਤੇ ਚੰਡੀਗੜ੍ਹ ਲਈ ਰਾਜ ਪੱਧਰੀ Energy Conservation-2024 ਪੇਟਿੰਗ ਮੁਕਾਬਲਾ ਅਯੋਜਿਤ ਕੀਤਾ ਜਾ ਰਿਹਾ ਹੈ।

3.0 ਇਹ ਮੁਕਾਬਲਾ ਪੰਜਵੀਂ ਤੋਂ ਦੱਸਵੀਂ ਜਮਾਤ ਲਈ ਦੋ ਗਰੁੱਪਾਂ ਵਿੱਚ ਕਰਵਾਇਆ ਜਾ ਰਿਹਾ ਹੈ। ਗਰੁੱਪ "ਏ" ਵਿੱਚ 5ਵੀਂ, 6ਵੀਂ, 7ਵੀਂ ਅਤੇ ਗਰੁੱਪ "ਬੀ" ਵਿੱਚ 8ਵੀਂ, 9ਵੀਂ ਅਤੇ 10ਵੀਂ ਜਮਾਤ ਦੇ ਵਿਦਿਆਰਥੀ ਸ਼ਾਮਿਲ ਹੋਣਗੇ। ਉਕਤ Painting competition ਲਈ ਵਿਦਿਆਰਥੀਆਂ ਦੀ ਚੋਣ ਸਕੂਲ ਪੱਧਰ ਤੇ ਮੁਕਾਬਲੇ ਰਾਹੀਂ ਕੀਤੀ ਜਾਵੇਗੀ।

4.0 ਉਕਤ ਮੁਕਾਬਲੇ ਲਈ BBMB ਵੱਲੋਂ ਭੇਜੀਆਂ ਗਈਆਂ ਹਦਾਇਤਾਂ ਪੱਤਰ ਨਾਲ ਨੱਥੀ ਹਨ।

5.0 ਸਮੂਹ ਸਕੂਲ ਮੁਖੀ ਇਸ ਮੁਕਾਬਲੇ ਲਈ BEE ਦੇ ਵੈਬ ਪੋਰਟਲ www.paintings.beeindia.gov.in ਤੇ ਰਜਿਸਟਰ ਕਰਨਗੇ ਅਤੇ ਸਕੂਲ ਪੱਧਰ ਤੇ ਗਰੁੱਪ "ਏ" ਅਤੇ "ਬੀ" ਲਈ ਸੁਵਿਧਾ ਅਨੁਸਾਰ ਉਕਤ ਮੁਕਾਬਲਾ 2 ਘੰਟੇ ਲਈ ਮਿਤੀ 08.10.2024 ਨੂੰ ਕਰਵਾਉਣਗੇ।

6.0 ਸਮੂਹ ਸਕੂਲ ਮੁਖੀ ਗਰੁੱਪ "ਏ" ਅਤੇ ਗਰੁੱਪ "ਬੀ" ਲਈ ਵੱਖ-ਵੱਖ ਤੌਰ ਤੇ ਦੋ-ਦੋ best entries ਨੂੰ ਮਿਤੀ 20.10.2024 ਤੱਕ ਡਾਕ ਰਾਹੀ ਸਿੱਧੇ ਤੌਰ ਤੇ Er Naveen Kumar Gupta, Director/HD IT cum Nodal office, BBMB, Plot no. 6-B, Sector 19-B, Chandigarh, Tel-0172-5078842/5046424 ਪਤੇ ਤੇ ਭੇਜਣਗੇ। ਇਹਨਾਂ ਦੀਆਂ ਫੋਟੋਗ੍ਰਾਫ਼ cons@bbmb.nic.in ਤੇ ਵੀ ਭੇਜੀਆਂ ਜਾਣ।

7.0 ਸਕੂਲ ਪੱਧਰ ਤੇ ਜੇਤੂ ਵਿਦਿਆਰਥੀਆਂ ਦੀਆਂ 50 best paintings ਦੀ ਚੋਣ ਕੀਤੀ ਜਾਵੇਗੀ ਅਤੇ ਇਹ ਵਿਦਿਆਰਥੀ ਮਿਤੀ 13 ਨਵੰਬਰ, 2024 ਨੂੰ ਰਾਜ ਪੱਧਰ ਤੇ ਮੌਕੇ ਤੇ ਪੇਟਿੰਗ ਮੁਕਾਬਲੇ ਵਿੱਚ ਹਿੱਸਾ ਲੈਣ ਦੇ ਯੋਗ ਹੋਣਗੇ। ਪੇਟਿੰਗ ਮੁਕਾਬਲੇ ਲਈ 02 ਘੰਟੇ ਦਾ ਸਮਾਂ ਦਿੱਤਾ ਜਾਵੇਗਾ।

8.0 ਸਟੇਟ ਪੱਧਰ ਤੇ ਜੇਤੂ ਵਿਦਿਆਰਥੀਆਂ ਨੂੰ 50,000/ਰੁ., 30,000/- ਰੁ. ਅਤੇ 20,000/ -ਰੁ ਦਾ ਕ੍ਰਮਵਾਰ ਪਹਿਲਾ, ਦੂਸਰਾ ਅਤੇ ਤੀਸਰਾ ਇਨਾਮ ਦਿੱਤਾ ਜਾਵੇਗਾ। ਇਸ ਤੋਂ ਇਲਾਵਾ 7500/-

ਰੁ ਦੇ 10 Appreciation prize ਵੀ ਦਿੱਤੇ ਜਾਣੇ ਹਨ ਅਤੇ ਹਰੇਕ ਭਾਗ ਲੈਣ ਵਾਲੇ ਵਿਦਿਆਰਥੀ ਨੂੰ 2000/- ਰੁ ਅਤੇ Participation ਸਰਟੀਫਿਕੇਟ ਵੀ ਦਿੱਤਾ ਜਾਵੇਗਾ।

9.0 ਸਟੇਟ ਪੱਧਰ ਤੇ ਜੇਤੂ ਪਹਿਲੇ 3 ਵਿਦਿਆਰਥੀ ਰਾਸ਼ਟਰੀ ਮੁਕਾਬਲੇ ਵਿੱਚ ਭਾਗ ਲੈਣ ਦੇ ਯੋਗ ਹੋਣਗੇ ਜੋ ਮਿਤੀ 11 ਦਸੰਬਰ, 2024 ਨੂੰ ਦਿੱਲੀ ਵਿਖੇ ਹੋਵੇਗਾ। ਰਾਸ਼ਟਰੀ ਪੱਧਰ ਤੇ ਪਹਿਲੀਆਂ ਤਿੰਨ ਪੁਜੀਸ਼ਨਾਂ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ 1,00,000, 50,000, ਅਤੇ 30,000/- ਰੁ. ਦੀ ਇਨਾਮ ਰਾਸ਼ੀ ਅਤੇ ਲੈਪਟੋਪ ਦਿੱਤਾ ਜਾਵੇਗਾ। ਇਸ ਤੋਂ ਇਲਾਵਾ 15000/- ਰੁ: ਦੇ 10 Appreciation prize ਅਤੇ ਟੈਬਲੇਟ ਵੀ ਦਿੱਤੇ ਜਾਣੇ ਹਨ।

10.0 ਸਟੇਟ ਪੱਧਰ ਤੇ ਸਾਲ 2021, 2022 ਅਤੇ 2023 ਦੀਆਂ within group ਪਹਿਲੀਆਂ 3 ਪੁਜੀਸਨਾਂ ਵਾਲੇ ਜੇਤੂ ਇਸ ਮੁਕਾਬਲੇ ਦੇ ਉਸੇ ਗਰੁੱਪ ਵਿੱਚ ਹਿੱਸਾ ਲੈਣੇ ਦੇ ਯੋਗ ਨਹੀ ਹੋਣਗੇ ਪ੍ਰੰਤੂ ਗਰੁੱਪ A ਦੇ ਜੇਤੂ ਜੇਕਰ ਯੋਗ ਹੋਣਗੇ ਤਾਂ ਉਹ ਗਰੁੱਪ B ਵਿੱਚ ਹਿੱਸਾ ਲੈਣ ਦੇ ਯੋਗ ਹੋਣਗੇ।

11.0 ਸਮੂਹ ਮੁਖੀ (ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀ. ਸੈਕੰਡਰੀ) ਇਸ ਮੁਕਾਬਲੇ ਲਈ ਮਿਤੀ 30/09/2024 ਤੱਕ www.paintings.beeindia.gov.in ਵੈਬਸਾਈਟ ਤੇ ਰਜਿਸਟਰ ਕਰਨਾ ਯਕੀਨੀ ਬਣਾਉਣ।

12.0 ਸਮੂਹ ਸਕੂਲਾਂ ਦੀ ਭਾਗੀਦਾਰੀ ਯਕੀਨੀ ਬਣਾਉਣ ਲਈ ਸੰਬੰਧਤ ਬਲਾਕ ਦੇ ਬਲਾਕ ਨੋਡਲ ਅਫਸਰ ਅਤੇ ਬਲਾਕ EEP Coordinators ਦੀ ਡਿਊਟੀ ਲਗਾਈ ਜਾਂਦੀ ਹੈ।

13.0 ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ EEP Coordinators ਬਤੌਰ ਜ਼ਿਲ੍ਹਾ ਨੋਡਲ ਅਫਸਰ (BBMB ਮੁਕਾਬਲੇ) ਹੋਣਗੇ ਜੋ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਦੀ ਦੇਖ-ਰੇਖ ਵਿੱਚ ਕੰਮ ਕਰਨਗੇ।

ਅਮਨਿੰਦਰ ਕੋਰ ਬਰਾੜ (PCS),
ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ ਨੰਬਰ :ਉਕਤ

ਮਿਤੀ: ਐਸ.ਏ.ਐਸ.ਨਗਰ: 27-08-2024

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਮੂਹ ਬਲਾਕ ਨੋਡਲ ਅਫਸਰ
2. ਸਮੂਹ ਸਕੂਲ ਮੁਖੀ
3. ਸਮੂਹ ਜ਼ਿਲ੍ਹਾ ਅਤੇ ਬਲਾਕ EEP Coordinators

(ਡਾ. ਅਮਨਦੀਪ ਕੋਰ)
ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿੱ) ਬਠਿੰਡਾ
ਪਿੱਠ ਅੰਕਣ ਨੰ ਡ-6/2024/2038 ਮਿਤੀ 29/8/24
ਉਪਰੋਕਤ ਅੰਕਿਤ ਪੱਤਰ ਦੀ ਕਾਪੀ ਇਸ ਦਫਤਰ ਵੱਲੋਂ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਸਕੂਲ ਵਿੱਚ ਪੱਤਰ ਵਿੱਚ ਦਿੱਤੀਆਂ ਹਦਾਇਤਾਂ ਅਨੁਸਾਰ [illegible] ਪੱਤਰ ਵਿੱਚ ਦਿੱਤੀ ਮਿਤੀ ਅਨੁਸਾਰ ਰਜਿਸਟ੍ਰੇਸ਼ਨ ਕਰਵਾਉਣੀ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
ਬਠਿੰਡਾ
P.R. 29/8/24